International Journal of Applied Research 2019; 5(3): 212-218

ISSN Print: 2394-7500
ISSN Online: 2394-5869
Impact Factor: 5.2
IJAR 2019; 5(3): 212-218
www.allresearchjournal.com
Received: 23-01-2019
Accepted: 25-02-2019

ਡਾ. ਗੁਰਜੀਤ ਕੌਰ
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਮਾਤਾ ਸੁੰਦਰੀ ਕਾਲਜ, ਦਿੱਲੀ ਯੂਨੀਵਰਸਿਟੀ, ਨਵੀਂ ਦਿੱਲੀ, ਭਾਰਤ

Correspondence
ਡਾ. ਗੁਰਜੀਤ ਕੌਰ
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਮਾਤਾ ਸੁੰਦਰੀ ਕਾਲਜ, ਦਿੱਲੀ ਯੂਨੀਵਰਸਿਟੀ, ਨਵੀਂ ਦਿੱਲੀ, ਭਾਰਤ

ਕ੍ਰਾਂਤੀਕਾਰੀ ਦੌਰ ਦੀ ਪੰਜਾਬੀ ਕਵਿਤਾ ਦਾ ਮੁਲਾਂਕਣ

ਡਾ. ਗੁਰਜੀਤ ਕੌਰ

ਮੁਖਬੰਧ

ਪੰਜਾਬੀ ਸਾਹਿਤ ਦੇ ਕਵਿਤਾ ਦੀ ਪ੍ਰਗਤੀਵਾਦੀ ਪ੍ਰਵਿਰਤੀ ਦਾ ਆਰੰਭ ਸਰਬ ਭਾਰਤੀ ਪ੍ਰਗਤੀਸ਼ੀਲ ਲੇਖ ਸੰਘ (AIPWA) ਦੀ ਸਥਾਪਨਾ ਅਪ੍ਰੈਲ 1936 ਤੋਂ ਮੰਨਿਆ ਜਾਂਦਾ ਹੈ। ਇਸ ਲਹਿਰ ਨਾਲ ਹਰ ਲੇਖਕ ਸਿੱਧੇ ਜਾਂ ਅਸਿੱਧੇ ਤੌਰ ਤੇ ਅਵੱਸ਼ ਹੀ ਪ੍ਰਭਾਵਿਤ ਹੋਇਆ ਹੈ, ਭਾਰਤ ਦੀ ਸ਼ਾਇਦ ਹੀ ਕੋਈ ਅਜਿਹੀ ਭਾਸ਼ਾ ਹੋਵੇ ਜਿਸਨੇ ਇਸਦੇ ਅਸਰ ਨੂੰ ਨਾ ਗ੍ਰਹਿਣ ਕੀਤਾ ਹੋਵੇ।

ਡਾ. ਸ.ਸ. ਦੁਸਾਂਝ ਦੇ ਸ਼ਬਦਾਂ ਵਿਚ:

> "ਪੰਜਾਬੀ ਕਵਿਤਾ ਬਾਬਾ ਫ਼ਰੀਦ ਦੀ ਕਵਿਤਾ ਤੋਂ ਹੀ ਅਗਾਂਹਵਧੂ ਰੁਚੀਆਂ ਦੀ ਧਾਰਨੀ ਰਹੀ ਹੈ। ਪੰਜਾਬੀ ਦਾ ਅਧਿਆਤਮਕ ਕਾਵਿ, ਕਿੱਸਾ ਕਾਵਿ, ਸੂਫ਼ੀ ਕਾਵਿ ਮੁੱਖ ਰੂਪ ਵਿਚ ਸਥਾਪਿਤ ਕਰੂਰ ਕੀਮਤਾਂ ਨੂੰ ਚੁਣੌਤੀ ਦਿੰਦਾ ਰਿਹਾ ਹੈ ਪਰ ਫੇਰ ਵੀ ਇਸ ਨੂੰ ਕਿਸੇ ਆਲੋਚਕ ਨੇ ਪ੍ਰਗਤੀਵਾਦੀ ਨਹੀਂ ਕਿਹਾ।" [1]

ਪ੍ਰਗਤੀਵਾਦੀ ਲਹਿਰ ਦਾ ਮੁੱਢ ਵਾਸਤਵ ਵਿਚ ਬਹੁਤ ਪਹਿਲਾਂ ਹੀ ਬੱਝ ਚੁੱਕਾ ਸੀ। ਰੂਸ ਦੇ ਇਨਕਲਾਬ ਨਾਲ ਜੋ ਆਰਥਕ, ਸਮਾਜਕ ਤੇ ਰਾਜਨੀਤਕ ਪਰਿਵਰਤਨ ਵਾਪਰੇ, ਉਨ੍ਹਾਂ ਨੇ ਲੇਖਕਾਂ ਨੂੰ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਇਆ। ਪਰ ਕਿਸੇ ਯੁਗ ਵਿਸ਼ੇਸ਼ ਦੀਆਂ ਸਾਹਿਤਕ ਕ੍ਰਿਤਾਂ ਨਾਲ ਇਨਸਾਫ ਉਦੋਂ ਹੀ ਕੀਤਾ ਜਾ ਸਕਦਾ ਹੈ ਜਦ ਉਨ੍ਹਾਂ ਨੂੰ ਇਤਿਹਾਸ ਦੇ ਪਰਿਪੇਖ ਵਿਚ ਰੱਖ ਕੇ ਵਿਚਾਰਿਆ ਜਾਵੇ। ਆਰੰਭ ਵਿਚ ਪ੍ਰਗਤੀਵਾਦੀ ਲੇਖਕ ਇਕ ਦਵੰਦ ਦਾ ਸ਼ਿਕਾਰ ਸਨ ਤੇ ਉਨ੍ਹਾਂ ਨੇ ਭੂਤ ਦੀਆਂ ਸਾਹਿਤਕ ਰਚਨਾਵਾਂ ਨੂੰ ਪਿਛਾਂਹ ਖਿੱਚੂ ਕਹਿਕੇ ਰੱਦ ਕਰਕੇ ਨਵੀਂ ਚੇਤਨਾ ਅਧੀਨ ਰਚੇ ਸਾਹਿਤ ਨੂੰ ਇਕ ਬਨਾਉਟੀ ਢਾਂਚੇ ਵਿਚ ਜਕੜ ਕੇ ਉਸਦਾ ਮੁਲਾਂਕਣ ਕਰਨ ਲਗੇ। ਭਾਰਤ ਵਿਚ ਵੀ ਰਾਜਸੀ ਤੇ ਕੌਮੀ ਜਾਗ੍ਰਤੀ ਦਾ ਮੁੱਢ ਬਹੁਤ ਪਹਿਲਾਂ ਬੱਝ ਚੁੱਕਾ ਸੀ। ਪੱਛਮੀ ਵਿਦਿਆ ਦੇ ਪਸਾਰ ਨਾਲ ਲੋਕਾਂ ਵਿਚ ਜਾਗ੍ਰਤੀ ਆ ਚੁੱਕੀ ਸੀ ਤੇ ਲੋਕਾਂ ਦੇ ਦਿਮਾਗ ਵਿਚ ਰਾਸ਼ਟਰੀਅਤਾ ਦੀ ਨਵੀਂ ਭਾਵਨਾ ਘਰ ਕਰ ਰਹੀ ਸੀ ਅਤੇ ਵਿਸ਼ਵ ਪੱਧਰ ਦੀਆਂ ਸਮੱਸਿਆਵਾਂ ਬਾਰੇ ਉਨ੍ਹਾਂ ਨੂੰ ਸੋਝੀ ਆਉਣ ਲਗ ਪਈ ਸੀ। ਡਾ. ਕੇਸਰ ਸਿੰਘ ਕੇਸਰ ਦੇ ਸ਼ਬਦਾਂ ਵਿਚ "ਪ੍ਰਗਤੀਵਾਦੀ ਕਾਵਿ-ਪ੍ਰਵਿਰਤੀ ਵਿਗਿਆਨ ਮੂਲਕ ਯਥਾਰਥਵਾਦੀ ਲੋਕ ਪੱਖੀ ਰਾਜਨੀਤਕ ਪ੍ਰਵਿਰਤੀ ਹੈ।"[2]

ਪ੍ਰਗਤੀਵਾਦੀ ਵਿਚਾਰਧਾਰਾਵਾਂ ਦਾ ਵਿਕਾਸ ਸਪਸ਼ਟ ਰੂਪ ਵਿਚ ਰਾਜਨੀਤਕ ਸੰਰਚਨਾਵਾਂ ਦੇ ਤੌਰ ਤੇ ਹੋਇਆ ਹੈ। 1936 ਦੇ ਪ੍ਰਗਤੀਵਾਦੀ ਮੈਨੀਫੈਸਟੋ ਵਿਚ ਭਾਰਤ ਵਿਚ ਆਏ ਪਰਿਵਰਤਨ ਬਾਰੇ ਵਿਚਾਰ ਕੀਤਾ ਗਿਆ। ਪਰਿਵਾਰ, ਧਰਮ, ਸੈਕਸ, ਜੰਗ ਤੇ ਸਮਾਜ ਬਾਰੇ, ਵਿਗਿਆਨਕ ਦ੍ਰਿਸ਼ਟੀ ਤੋਂ ਗੱਲ ਆਰੰਭ ਕਰਨ ਦੀ ਗੱਲ ਕੀਤੀ ਗਈ। ਪ੍ਰਗਤੀਵਾਦੀ ਵਿਚਾਰਧਾਰਾ ਨੇ ਪੰਜਾਬੀ ਕਵਿਤਾ ਦੇ ਸਾਹਮਣੇ ਵੀ ਇਕ ਨਵੇਂ ਪਰਿਪੇਖ ਨੂੰ ਪੇਸ਼ ਕੀਤਾ। ਪ੍ਰਗਤੀਵਾਦੀ ਕਵਿਤਾ ਨਿਰੋਲ ਭਾਵਾਂ ਦਾ ਪ੍ਰਗਟਾਅ ਨਾ ਰਹਿ ਕੇ ਚਿੰਤਨ ਨੂੰ ਆਪਣਾ ਆਧਾਰ ਬਣਾ ਕੇ ਅਗਾਂਹ ਤੁਰੀ ਤੇ ਇਸਦਾ ਰੂਪ ਆਤਮ ਤੋਂ ਅਨਾਤਮ ਯਥਾਰਥ ਵੱਲ ਹੋ ਗਿਆ। ਡਾ. ਕਰਮਜੀਤ

ਸਿੰਘ ਅਨੁਸਾਰ ਪ੍ਰਗਤੀਵਾਦੀ ਕਵਿਤਾ ਸ਼੍ਰੇਣੀ-ਸੰਘਰਸ਼ ਨੂੰ ਪ੍ਰਚੰਡ ਕਰਕੇ ਵਰਗ ਰਹਿਤ ਸਮਾਜ ਦੀ ਸਥਾਪਨਾ ਲਈ ਜੂਝਦੀ ਹੈ। ਪ੍ਰਗਤੀਵਾਦੀ ਲਹਿਰ ਵਿਚ ਸਮਾਜਵਾਦੀ ਸਮਾਜ ਦੀ ਸਥਾਪਨਾ ਦਾ ਲਕਸ਼ ਸੀ ਤੇ ਸਾਮਰਾਜ ਦਾ ਵਿਰੋਧ, ਕਿਰਤੀ ਕਾਮਿਆਂ ਦਾ ਸਮਰਥਨ ਸ਼ਾਮਿਲ ਸੀ। ਪ੍ਰਗਤੀਵਾਦੀ ਵਿਚਾਰਧਾਰਾ ਦੇ ਭਾਰਤ ਵਿਚ ਵਿਕਸਤ ਹੋਣ ਲਈ ਪੰਜਾਬੀ ਦੀ ਸਥਿਤੀ ਬਾਕੀ ਭਾਰਤ ਨਾਲੋਂ ਅਲਗ ਸੀ, ਇਸ ਪ੍ਰਵਿਰਤੀ ਦਾ ਆਧਾਰ ਪੰਜਾਬ ਤੇ ਪੰਜਾਬੀ ਕਵਿਤਾ ਵਿਚ ਪਹਿਲਾਂ ਹੀ ਵਿਕਸਤ ਹੋ ਰਿਹਾ ਸੀ। ਇਹ ਗੱਲ ਸਪਸ਼ਟ ਹੈ ਕਿ ਆਪਣੀ ਸੰਸਕ੍ਰਿਤੀ ਦੇ ਪਤਨ ਦੀ ਸਮੱਸਿਆ ਨੂੰ ਮੱਧਕਾਲ ਵਿਚ ਗੁਰੂ ਨਾਨਕ ਦੇਵ ਨੇ ਸਮਝ ਲਿਆ ਸੀ ਤੇ ਬੰਦਾ ਬਹਾਦੁਰ ਤੱਕ ਪਹੁੰਚਦਿਆਂ ਉਹ ਨਵਾਂ ਢਾਂਚਾ ਸਮਾਜਵਾਦ ਦਾ ਰੂਪ ਧਾਰ ਚੁੱਕਾ ਸੀ। ਉਸ ਸਮੇਂ ਫੀਊਡਲ ਜਮਾਤ ਤੇ ਉਨ੍ਹਾਂ ਦੇ ਹਿੱਤ ਵੀ ਸਥਾਪਤ ਹੋਏ। ਪੰਜਾਬੀ ਰਾਜ ਨੂੰ ਢਹਿ ਢੇਰੀ ਹੁੰਦਿਆਂ ਵੇਖ ਕੇ ਸਰਦਾਰਾਂ, ਫੀਊਡਲ ਜਮਾਤ ਦੇ ਸਵਾਰਥਾਂ ਬਾਰੇ ਸ਼ਾਹ ਮੁਹੰਮਦ ਆਲੋਚਨਾ ਪੇਸ਼ ਕਰਦਾ ਹੈ। ਇਸ ਤੋਂ ਅਗਾਂਹ ਇਸ ਸੰਬੰਧ ਵਿਚ ਡਾ. ਦੀਵਾਨ ਸਿੰਘ ਕਾਲੇਪਾਣੀ ਦਾ ਉਲੇਖ ਕਰਨਾ ਵੀ ਜ਼ਰੂਰੀ ਬਣਦਾ ਹੈ ਕਿਉਂਕਿ ਅੱਜ ਤੋਂ ਤਕਰੀਬਨ ਸੱਤਰ ਸਾਲ ਪਹਿਲਾਂ ਜਦੋਂ ਕਿ ਪ੍ਰਗਤੀਸ਼ੀਲ ਲਹਿਰ ਦਾ ਮੁੱਢ ਬੱਝ ਰਿਹਾ ਸੀ ਉਨ੍ਹਾਂ ਦੀ ਪਹਿਲੀ ਕਾਵਿ ਪੁਸਤਕ 'ਵਗਦੇ ਪਾਣੀ' ਪ੍ਰਕਾਸ਼ਿਤ ਹੋਈ ਜਿਸ ਵਿਚ ਉਨ੍ਹਾਂ ਨੇ ਨਵੀਂ ਪ੍ਰਗਤੀਵਾਦੀ ਕਾਵਿ-ਦ੍ਰਿਸ਼ਟੀ ਨੂੰ ਨਵਾਂ 'ਪੰਜਾਬ' ਕਹਿ ਕੇ ਪੁਰਾਣੇ ਧਰਮ ਚਿੰਤਨ ਤੋਂ ਮੁਕਤ ਕੀਤਾ:

> "ਭਰੋਸਾ ਸਿਦਕ, ਈਮਾਨ, ਕਿਸੇ ਬਾਹਰਲੀ ਤਾਕਤ ਉੱਤੇ,
> ਤਰਲੇ, ਹਾੜੇ, ਲਿਲਕਣੀਆਂ, ਕਿਸੇ ਬਾਹਰਲੇ ਰੱਬ ਅੱਗੇ-
> ਸਭ ਨਾਮਰਦੀ ਹੈ, ਮੁਰਦਿਹਾਨ।
> ਜੀਵਨ, ਜਵਾਨੀ ਜਿੰਨੀ ਕੁ ਹੈ, ਸਭ ਤੇਰੇ ਅੰਦਰ ਹੈ।" — ਦੀਵਾਨ ਸਿੰਘ ਕਾਲੇਪਾਣੀ

ਡਾ. ਅਤਰ ਸਿੰਘ ਦੇ ਸ਼ਬਦਾਂ ਵਿਚ

> "ਪੰਜਾਬੀ ਕਵਿਤਾ ਧਾਰਮਿਕ ਪਰੰਪਰਾ ਦੀ ਅਧੀਨਤਾ ਤੋਂ ਸੁਤੰਤਰਤਾ ਪ੍ਰਾਪਤ ਕਰਦੀ ਹੈ ਅਤੇ—ਇਸ ਪੱਧਰ ਤੇ ਵਿਚਾਰਾਂ ਦੀ ਗਤੀ ਸੁਤੰਤਰ ਤੌਰ ਤੇ ਜ਼ੋਰ ਪਕੜਦੀ ਹੈ ਅਤੇ ਕਵਿਤਾ ਵਿਚ — ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਉਨ੍ਹਾਂ ਦੀ ਪੀੜੀ ਦੇ ਹੋਰ ਕਵੀਆਂ ਦੇ ਆਗਮਨ ਨਾਲ ਸੁਤੰਤਰਤਾ ਦੀ ਆਂਖਿਆ ਵਿਕਸਿਤ ਹੁੰਦੀ ਹੈ।" [3]

ਹੁਣ ਸਾਡਾ ਸਰੋਕਾਰ ਭਾਰਤ ਵਿਚ ਵਿਕਸਤ ਹੋ ਰਹੀਆਂ ਹੋਰ ਭਾਸ਼ਾਵਾਂ, ਉਨ੍ਹਾਂ ਵਿਚ ਵਿਕਸਤ ਹੋ ਰਿਹਾ ਪ੍ਰਗਤੀਵਾਦੀ ਕਾਵਿ, ਪੂੰਜੀਵਾਦ ਦੇ ਨਵੇਂ ਦਾਅ ਪੇਚ ਤੇ ਸਮੁੱਚੇ ਸੰਸਾਰ ਵਿਚ ਵਿਕਸਤ ਹੋਇਆ ਪ੍ਰਗਤੀਵਾਦ ਵੀ ਸਾਡੇ ਸਰੋਕਾਰ ਵਿਚ ਸ਼ਾਮਲ ਹੋ ਗਿਆ। ਪਾਬਲੋ ਨੈਰੂਦਾ, ਨਾਜ਼ਮ ਹਿਕਮਤ ਵਰਗੇ ਕਈ ਸਾਡੀ ਚੇਤਨਾ ਦਾ ਹਿੱਸਾ ਬਣੇ। ਡਾ. ਸ. ਸ. ਨੂਰ ਦੇ ਸ਼ਬਦਾਂ ਵਿਚ:

> ਪਰ ਆਜ਼ਾਦੀ ਦੇ ਸੁਪਨੇ ਤੇ ਆਜ਼ਾਦੀ ਤੋਂ ਬਾਅਦ ਦੇ ਸਮਾਜ ਨੂੰ ਸਾਕਾਰ ਕਰਨ ਦੇ ਸੰਕਲਪ ਨੇ ਮੋਹਨ ਸਿੰਘ, ਅੰਮ੍ਰਿਤਾ ਤੇ ਹੋਰ ਸ਼ਾਇਰਾ ਦੀ ਕਵਿਤਾ ਨੂੰ ਆਦਰਵਾਦੀ, ਰੋਮਾਨੀ ਬਣਾਇਆ, ਫੈਂਟਸੀ ਵਰਗੀ ਪ੍ਰਮਾਣਿਕਤਾ ਦਿੱਤੀ। [4]

ਪ੍ਰਗਤੀਵਾਦੀ ਕਵਿਤਾ ਨੇ ਇਕ ਪਾਸੇ ਪ੍ਰੰਪਰਕ ਸੋਚਾਂ ਤੇ ਕਿੰਤੂ ਕੀਤਾ, ਵਹਿਮਾਂ, ਭਰਮਾਂ ਅਤੇ ਅੰਧ ਵਿਸ਼ਵਾਸ਼ਾਂ ਤੇ ਕਰਾਰੀ ਸੋਟ ਮਾਰੀ ਦੂਜੇ ਪਾਸੇ ਵਿਚਾਰਧਾਰਕ ਤੌਰ 'ਤੇ ਇਸਦਾ ਆਧਾਰ ਮਾਰਕਸਵਾਦੀ ਚਿੰਤਨ ਬਣਿਆ ਪਰ ਪ੍ਰਗਤੀਵਾਦ ਦੇ ਲੇਖਕਾਂ ਵਿਚ ਇਕ ਘਾਟ ਇਹ ਸੀ ਕਿ ਉਨ੍ਹਾਂ ਨੂੰ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਸਪਸ਼ਟ ਕਰਨ ਦੀ ਐਨੀ ਤਾਂਘ ਹੁੰਦੀ ਸੀ ਕਿ ਉਹ ਉਸ ਦੀਆਂ ਰੂਪਕ ਤੇ ਸ਼ੈਲੀ ਲੋੜਾਂ ਤੋਂ ਬੇਮੁੱਖ ਹੋ ਜਾਂਦੇ ਸੀ।

ਇਸ ਤਰ੍ਹਾਂ ਪ੍ਰਗਤੀਵਾਦ ਦੀ ਦੋ ਪੱਖੀ ਅਹਿਮੀਅਤ ਸਾਡੇ ਸਾਹਮਣੇ ਉਜਾਗਰ ਹੁੰਦੀ ਹੈ ਉਹ ਹੈ ਸਾਮਿਅਕ ਅਤੇ ਸਦੀਵੀ। ਇਕ ਪੱਖ ਉਹ ਹੈ ਜਿਸ ਵਿਚ ਆਪਣੇ ਵੇਲੇ ਦੇ ਯਥਾਰਥ ਦੀ ਉੱਚ-ਪੱਧਰੀ ਕਲਾਤਮਕ ਪੇਸ਼ਕਾਰੀ ਹੋਈ ਹੈ ਅਤੇ ਦੂਸਰਾ ਉਹ ਪੱਖ ਹੈ ਜਿਸ ਨਾਲ ਇਕ ਵਿਸ਼ੇਸ਼ ਕਿਸਮ ਦੀ ਚੇਤੰਨਤਾ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਹੁੰਦੀ ਹੈ। ਜੋ ਸ਼੍ਰੇਣਿਕ ਰਿਸ਼ਤਿਆਂ ਦੇ ਦਵੰਦ ਤੇ ਕੇਂਦ੍ਰਿਤ ਹੈ ਅਤੇ ਮਨੁੱਖੀ ਦੁਖਾਂਤ ਦਾ ਕਾਰਣ ਸਮਾਜਕ, ਆਰਥਕ, ਪ੍ਰਬੰਧ ਨੂੰ ਦਸਦੀ ਹੈ।

ਨਕਸਲਬਾੜੀ ਦੌਰ ਦੀ ਪੰਜਾਬੀ ਜੁਝਾਰ ਕਵਿਤਾ ਪੰਜਾਬੀ ਸਾਹਿਤ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਹ ਕਵਿਤਾ ਦੁਨਿਆ ਦੇ ਇੰਨਕਲਾਬੀ ਸਾਹਿਤ ਦਾ ਵੀ ਸਹਿਜ ਅੰਗ ਹੈ। ਪੰਜਾਬ ਵਿਚ ਨਕਸਲਬਾੜੀ ਲਹਿਰ ਦਾ ਅਵਾਮੀ ਆਧਾਰ ਨਾ ਹੋਣ ਕਾਰਣ ਇਸਦੀ ਕੋਈ ਸਿਆਸੀ ਪਾਰਟੀ ਨਹੀਂ ਹੈ ਪਰ ਇਸਦੀ ਸਾਹਿਤਿਕ ਪ੍ਰਾਪਤੀ ਜੁਝਾਰ ਕਵਿਤਾ ਦੀ ਸ਼ਕਲ ਵਿਚ ਸਾਹਮਣੇ ਆਈ। ਜਦੋਂ ਛੇਹਵੇਂ ਦਸ਼ਕ ਵਿਚ ਆਕੇ ਪ੍ਰਗਤੀਵਾਦੀ ਲਹਿਰ ਮੱਠੀ ਪੈ ਗਈ ਅਤੇ ਉਸ ਤੋਂ ਦਸ ਸਾਲ ਬਾਅਦ ਤੱਕ ਪ੍ਰਯੋਗਸ਼ੀਲ ਲਹਿਰ ਚਲਦੀ ਰਹੀ ਸੀ ਤਾਂ ਨਕਸਲਬਾੜੀ ਲਹਿਰ ਨੇ ਪੰਜਾਬੀ ਕਵਿਤਾ ਵਿਚ ਆਈ ਖੜੋਤ ਨੂੰ ਹਲੂਣਾ ਦਿੱਤਾ। ਅਮਰਜੀਤ ਚੰਦਨ ਅਨੁਸਾਰ:

> "ਪੰਜਾਬੀ ਕਵਿਤਾ ਦੀ ਹਵਾਇਤ ਚਾਲੂ ਵਿਹਾਰ ਤੇ ਵੇਲੇ ਦੀ ਹਕੂਮਤ ਤੋਂ ਨਾਬਰੀ ਵਾਲੀ ਹੈ। ਪਿਛਲੀ ਸਦੀ ਵਿਚ ਸ਼ਾਹ ਮੁਹੰਮਦ ਦੀ ਕਵਿਤਾ ਵਿਚ ਇਹਦਾ ਰੰਗ ਕੌਮੀ ਸਰੂਪ ਵਾਲਾ ਹੋ ਗਿਆ ਸੀ, ਜਿਹਦਾ ਸਿਖਰ ਇਸ ਸਦੀ ਦੇ ਸ਼ੁਰੂ ਵਿਚ ਚਲੀ ਗ਼ਦਰ ਲਹਿਰ ਦੀ ਕਵਿਤਾ ਵਿਚ ਨਜ਼ਰ ਆਉਂਦਾ ਹੈ। ਇਸ ਪਿਛੋਂ ਕਿਰਤੀ ਲਹਿਰ ਵਿਚ ਇਸਦਾ ਸਰੂਪ ਸਮਾਜਵਾਦੀ ਹੋ ਗਿਆ। ਜਦ ਇਹਦੀ ਸੁਰ ਨਿਰੀ ਨਾਬਰੀ ਵਾਲੀ ਨਾ ਰਹੀ ਸਗੋਂ ਮਜ਼ਦੂਰ ਤਬਕੇ ਦੀ ਸਿਆਸੀ ਤਾਕਤ ਜਿੱਤ ਸਕਣ ਦੇ ਆਸ਼ਾਵਾਦ ਵਾਲੀ ਹੋ ਗਈ।" [5]

ਇਸ ਦੌਰ ਵਿਚ ਪਹਿਲੀ ਵਾਰ ਗਰੀਬ ਕਿਸਾਨਾਂ ਤੇ ਦਲਿਤ ਤਬਕਿਆਂ ਦੀ ਜ਼ਿੰਦਗੀ ਦਾ ਇਜ਼ਹਾਰ ਹੋਇਆ। ਜਦੋਂ ਕਿ ਇਸ ਤੋਂ ਪਹਿਲਾਂ ਪੰਜਾਬੀ ਸਾਹਿਤ ਆਮ ਕਰਕੇ ਦਰਮਿਆਨੇ ਤਬਕੇ ਦੇ ਲੇਖਕਾਂ ਦਾ ਸਿਰਫ ਦਰਮਿਆਨੇ ਤਬਕੇ ਦੀ ਅਨੁਭਵ ਦਾ ਹੀ ਸਾਹਿਤ ਰਿਹਾ। ਨਵੀਂ ਕਵਿਤਾ ਵਿਚ ਪਹਿਲਾਂ ਬਿਲਕੁਲ ਲੁਕੇ ਰਹੇ ਪੰਜਾਬ ਦੀ ਪੇਂਡੂ ਜ਼ਿੰਦਗੀ ਦੇ ਅਹਿਮ ਪਹਿਲੂ ਦਿਲ, ਪਾਸ਼ ਤੇ ਉਦਾਸੀ ਦੀ ਕਵਿਤਾ ਵਿਚ ਪਹਿਲੀ ਵਾਰ ਉਜਾਗਰ ਹੋਏ। ਉਦਾਸੀ ਦੀ ਕਵਿਤਾ ਕਾਫੀ ਹੱਦ ਤਕ ਲੋਕਾਂ ਤਕ ਪੁੱਜਦੀ ਹੈ ਪਰ ਪਾਸ਼ ਤੇ ਦਿਲ ਦੀ ਨਹੀਂ ਕਿਉਂਕਿ ਇਨ੍ਹਾਂ ਦੇ ਪਾਠਕ ਪੜੇ ਲਿਖੇ ਤਬਕੇ ਦੇ ਹੀ ਹਨ। ਇਸ ਗੱਲ ਦਾ ਅਹਿਸਾਸ ਪਾਸ਼ ਨੂੰ ਵੀ 'ਲੋਹਕਥਾ'ਤੋਂ ਬਾਅਦ ਹੋ ਗਿਆ ਸੀ।

ਉਸਦੇ ਆਪਣੇ ਸ਼ਬਦਾਂ ਵਿਚ:

> "ਕ੍ਰਾਂਤੀਕਾਰੀ ਕਵਿਤਾ ਦਾ ਪ੍ਰਚਲਤ ਰੂਪ ਜੋ ਹੁਣ ਨਾ ਬਦਲਿਆ ਗਿਆ, ਤਾਂ ਇਹ ਕੇਵਲ ਦਿਮਾਗੀ ਹਥਰਸੀ ਹੋ ਕੇ ਰਹਿ ਜਾਏਗੀ। ਕ੍ਰਾਂਤੀਕਾਰੀ ਸਾਹਿਤ ਨੂੰ ਹੁਣ ਆਮ ਇਨਸਾਨ ਦੇ ਪ੍ਰਚਲਤ ਮਾਪਦੰਡਾਂ ਵੱਲ ਪਰੇਰਨ ਦੀ ਲੋੜ ਹੈ। ਅੱਜ ਦੀ ਕ੍ਰਾਂਤੀਕਾਰੀ ਕਵਿਤਾ ਕੇਵਲ ਮੁੱਠੀਭਰ ਬੁਧੀਜੀਵੀਆਂ, ਵਿਦਿਆਰਥੀਆਂ, ਅਧਿਆਪਕਾਂ ਤੇ ਪੜੇ ਲਿਖੇ ਮੁਲਾਜ਼ਮਾਂ ਦਾ ਪਰਚਾਵਾ ਹੀ ਕਰ ਰਹੀ ਹੈ। ਜਿੰਨ੍ਹਾਂ ਲੋਕਾਂ ਬਾਰੇ ਇਹ ਲਿਖੀ ਜਾ ਰਹੀ ਹੈ, ਜਿਨ੍ਹਾਂ ਲੋਕਾਂ ਦੇ ਹਿੱਤਾਂ ਦੀ ਇਹ ਗੱਲ ਕਰਦੀ ਹੈ, ਉਨ੍ਹਾਂ ਨਾਲ ਇਹਦਾ ਦੂਰ ਦਾ ਵੀ ਵਾਸਤਾ ਨਹੀਂ ਹੈ।"(ਰੋਹਲੇ ਬਾਣ, ਜਨਵਰੀ 1972)

ਜੁਝਾਰ ਵਿਦਰੋਹੀ ਕਵਿਤਾ ਆਧੁਨਿਕਤਾਵਾਦੀ ਪੰਜਾਬੀ ਕਾਵਿਧਾਰਾ ਦੀ ਪ੍ਰਾਪਤੀ ਦੀ ਭੂਮਿਕਾ ਵਿਚੋਂ ਜਨਮ ਲੈਂਦੀ ਹੈ। ਨਕਸਲਬਾੜੀ ਅੰਦੋਲਨ ਵਿਚ ਪਾਸ਼, ਦਰਸ਼ਨ ਖਟਕੜ, ਹਰਭਜਨ ਹਲਵਾਰਵੀ, ਲਾਲ ਸਿੰਘ ਦਿਲ, ਅਮਰਜੀਤ ਚੰਦਨ, ਸੰਤ ਰਾਮ ਉਦਾ ਸੀ, ਗੁਰਦੀਪ ਗਰੇਵਾਲ, ਲੋਕ ਨਾਥ, ਵਰਿਆਮ ਸੰਧੂ ਆਦਿ ਮੁੱਖ ਹਨ। ਇਹ ਕਵੀ ਸੁਹਜ, ਰਹੱਸ ਤੇ ਸੰਵੇਦਨਾ ਆਦਿ ਦੇ ਆਧਾਰ ਉਤੇ ਕਵਿਤਾ ਲਿਖਣ ਦੀ ਬਜਾਇ ਸਮਰਤ ਸਮੱਸਿਆਵਾਂ ਨਾਲ ਜੂਝਣ ਵਾਲੇ ਕਵੀ ਹਨ। ਡਾ. ਤਰਲੋਕ ਸਿੰਘ ਕੰਵਰ ਦੇ ਸ਼ਬਦਾਂ ਵਿਚ "ਇਨ੍ਹਾਂ ਦੀ ਕਵਿਤਾ ਵਿਚ ਬੁਨਿਆਦੀ ਆਵਾਜ਼ ਮਾਨਵੀ ਆਜ਼ਾਦੀ ਨੂੰ ਸਮਾਜਿਕ ਪ੍ਰਸੰਗ ਵਿਚ ਬਰਕਰਾਰ ਕਰਨ ਦੀ ਸਮੱਸਿਆ ਨਾਲ ਜੁੜੀ ਹੋਈ ਹੈ।" [6]

ਇਹ ਕਵੀ ਪਰੰਪਰਾਗਤ ਸ਼ੈਲੀ, ਬਿੰਬ-ਵਿਧਾਨ ਜਾਂ ਚਿੰਨ੍ਹ ਦੀ ਵਰਤੋਂ ਨਹੀਂ ਕਰਦੇ ਨਾਂ ਹੀ ਇਸ ਵਿਚ ਕਿਸੇ ਪ੍ਰਕਾਰ ਦੀ ਬਨਾਵਟ ਹੈ। ਇਨ੍ਹਾਂ ਕਵੀਆਂ ਨੇ ਪੰਜਾਬੀ ਕਵਿਤਾ ਨੂੰ ਮੁੜ ਕੇ ਜੀਵਨ ਦੀ ਵਾਸਤਵਿਕਤਾ, ਪੰਜਾਬੀ ਸਭਿਆਚਾਰਕ ਤੇ ਮਾਰਕਸੀ ਵਿਚਾਰਧਾਰਾ ਨਾਲ ਜੋੜਿਆ। ਤਥਾ ਕਥਿਤ ਜੁਝਾਰਵਾਦੀ ਕਵਿਤਾ ਦੀ ਇਹੋ ਪ੍ਰਗਤੀਵਾਦੀ ਭੂਮਿਕਾ ਹੈ। ਜਿਸ ਵਿਚ ਹਰਭਜਨ ਸਿੰਘ ਹੁੰਦਲ, ਸੁਰਜੀਤ ਪਾਤਰ ਤੇ ਜੋਗਾ ਸਿੰਘ ਦੀ ਵੀ ਆਮ ਭੂਮਿਕਾ ਹੈ। ਇਨ੍ਹਾਂ ਕਵੀਆਂ ਨੇ ਸੰਵੇਦਨਾ ਦੀ ਪੱਧਰ ਤੇ ਇਹ ਅਨੁਭਵ ਕੀਤਾ ਹੈ ਕਿ ਸ਼ੋਸ਼ਤ ਮਨੁੱਖ ਇੱਕ ਇਕਾਈ ਹੈ। ਉਦਾਹਰਣ ਵਜੋਂ

> "ਕਦੋਂ ਤਕ ਨਾਪਾਕ ਗੋਰੇ ਸ਼ਾਹੀ ਬੂਟ ਲਿਤਾੜਦੇ ਰਹਿਣਗੇ
> ਤੁਹਾਡੀਆਂ ਪੁਸਤਕਾਂ ਉਠੋ ਤੇ ਉਠ ਕੇ ਵਫ਼ਾਦਾਰ ਲਾਠੀਆਂ ਨੂੰ
> ਦੱਸ ਦਿਉ, ਜਦੋਂ ਤਕ ਲਹੂ ਦੇ ਹਰਫ਼ ਸੱਚੇ ਹਨ ਹੱਕ ਦੀ ਸਿਆਹੀ
> ਸੁੱਚੀ ਹੈ ਉਦੋਂ ਤਕ ਕਲਮ ਤੇ ਬੈਨਟ 'ਚ ਅੰਤਰ ਕੁਝ ਨਹੀਂ।"
> -ਅਮਰਜੀਤ ਚੰਦਨ 'ਕੌਣ ਨਹੀਂ ਚਾਹੇਗਾ'

ਪ੍ਰਯੋਗਵਾਦ ਅਤੇ ਆਧੁਨਿਕਤਾਵਾਦ ਨੇ ਜਿਸ ਪਤਨਸ਼ੀਲ ਵਿਚਾਰਧਾਰਾ ਨੂੰ ਸਾਡੇ ਸਾਮ੍ਹਣੇ ਲਿਆਂਦਾ, ਉਸਨੂੰ ਅਗਲੇ ਦੌਰ ਦੇ ਇਨ੍ਹਾਂ ਕ੍ਰਾਂਤੀਕਾਰੀ ਕਵੀਆਂ ਨੇ ਰੱਦ ਕਰ ਦਿੱਤਾ ਜਿਵੇਂ ਕਿ :

> "ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
> ਤੁਹਾਡੇ ਚਗਲੇ ਹੋਏ ਸ਼ਬਦਾਂ ਦੀ ਗੱਲ ਕਰਾਂਗਾ
> ਜਿਨ੍ਹਾਂ ਦੇ ਹੜ 'ਚ ਰੁੜ੍ਹ ਜਾਂਦੀ ਹੈ
> ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
> ਤੇ ਸਾਡੀਆਂ ਧੀਆਂ ਦਾ ਕੰਜਰ ਜਿਹਾ ਹਾਸਾ"— ਪਾਸ਼

ਇਹ ਕ੍ਰਾਂਤੀਕਾਰੀ ਕਵਿਤਾ ਪੰਜਾਬੀ ਸਭਿਆਚਾਰ ਵੱਲ ਫਿਰ ਮੁੜਦੀ ਹੈ, ਪਰ ਪਰੰਪਰਕ ਰੂਪ ਵਿਚ ਨਹੀਂ ਸਗੋਂ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਸਥਿਤੀ ਦਾ ਵਿਸ਼ਲੇਸ਼ਣ ਕਰਦੀ ਹੈ। ਇਹ ਕਵਿਤਾ ਪੰਜਾਬੀ ਸਭਿਆਚਾਰ ਦੇ ਉਸ ਪੱਖ ਨਾਲ ਵੀ ਜੁੜੀ ਜੋ ਪੰਜਾਬ ਦੇ ਸੰਕਟ ਬਾਰੇ ਲਿਖੀ ਗਈ ਹੈ। 'ਰਵਿੰਦਰ ਸਿੰਘ ਰਵੀ' ਧਾਰਾ ਨੂੰ ਇਤਿਹਾਸਕ ਚੇਤਨਾ-ਮੁਖੀ ਕਾਵਿ ਕਿਹਾ ਅਤੇ ਉਨ੍ਹਾਂ ਦੇ ਸ਼ਬਦਾਂ ਵਿਚ

> "ਸਮੁੱਚੇ ਰੂਪ ਵਿਚ, ਜੁਝਾਰ/ ਇਤਿਹਾਸਕ ਚੇਤਨਾ ਮੁਖੀ ਕਾਵਿ-ਧਾਰਾ ਮਨੁੱਖੀ ਚੇਤਨਾ ਦੇ ਵਿਆਪਕ ਤੱਤਾਂ ਵਿਚੋਂ ਪ੍ਰਯੋਗਵਾਦੀ ਆਧੁਨਿਕ ਕਵਿਤਾ ਦੇ ਉਲਟ, ਅੰਤਰਮੁਖਤਾ ਦੇ ਵਿਰੋਧ ਵਿਚ ਬਾਹਰਮੁਖੀ, ਵਿਅਕਤੀ ਦੇ ਵਿਰੋਧ ਵਿਚ ਸਮਾਜਮੁਖੀ, ਸੁਹੇਜ ਦੇ ਵਿਰੋਧ ਵਿਚ ਪਾਸਰ-ਮੁਖੀ, ਵਿਸ਼ੇਸ਼ ਦੇ ਵਿਰੋਧ ਵਿਚ ਵਿਆਪਕਤਾ-ਮੁਖੀ, ਸਮਕਾਲੀ ਨੇਤਾ ਦੇ ਵਿਰੋਧ ਵਿਚ ਇਤਿਹਾਸ-ਮੁਖੀ, ਨਿਰਥਾਰਕਤਾ ਦੇ ਵਿਰੋਧ ਵਿਚ ਸਾਰਥਕਤਾ-ਮੁਖੀ, ਅਚੇਤਨਤਾ ਦੇ ਵਿਰੋਧ ਵਿਚ ਚੇਤਨਾ-ਮੁਖੀ ਭਾਵਾਂ ਨੂੰ ਪੰਜਾਬੀ ਸੰਸਕ੍ਰਿਤੀ ਅਤੇ ਸਮਕਾਲੀਨ ਯਥਾਰਥ ਦੇ ਮੁਹਾਵਰੇ ਦੁਆਰਾ ਪ੍ਰਗਟ ਕਰਨ ਦਾ ਯਤਨ ਹੈ।" [7]

ਲਗਭਗ ਪਿਛਲੇ ਦਸ ਵਰ੍ਹਿਆਂ ਤੋਂ ਪੰਜਾਬ ਇਕ ਗੰਭੀਰ ਸੰਕਟ ਵਿਚੋਂ ਲੰਘ ਰਿਹਾ ਹੈ। ਜਿਸਨੇ ਪੰਜਾਬ ਦੀ ਸਥਿਤੀ ਨੂੰ ਦੁਖਾਂਤਮਈ ਬਣਾ

ਦਿੱਤਾ ਹੈ ਜਿਸ ਦੇ ਅੱਗੇ ਕਈ ਪ੍ਰਕਾਰ ਦੇ ਪ੍ਰਤਿਕਰਮ ਉਘੜ ਕੇ ਸਾਹਮਣੇ ਆਏ ਪਰ ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਣ, ਸਭਿਆਚਾਰਕ ਪਛਾਣ ਦੀ ਚੇਤਨਤਾ ਦਾ ਉਭਾਰ ਸੀ। ਹਰਭਜਨ ਹਲਵਾਰਵੀ ਦੇ ਸ਼ਬਦਾਂ ਵਿਚ "ਬੱਚੇ ਨਹੀਂ ਜਾਣਦੇ, ਦਿਖ ਦਾ ਫ਼ਰਕ ਕਿਵੇਂ ਬੰਦੇ ਨੂੰ ਆਪਣੇ ਹੀ ਦੇਸ਼ ਵਿਚ, ਅਜਨਬੀ ਬਣਾ ਸਕਦਾ ਹੈ, ਬੇ-ਇਜ਼ਤੀ ਜਾਂ ਮੌਤ ਦਾ ਕਾਰਨ ਹੋ ਸਕਦਾ ਹੈ।"

ਮਨਜੀਤ ਟਿਵਾਣਾ ਉਸ ਮਨੋ-ਸਥਿਤੀ ਦਾ ਪ੍ਰਗਟਾਵਾ ਕਰਦੀ ਹੋਈ ਲਿਖਦੀ ਹੈ:

ਅੱਜ ਕਲ ਮੇਰੀ ਮਿੱਟੀ ਦੇ ਜਾਇਆਂ ਨੂੰ ਤੁਸੀਂ 'ਰੁੱਖਾਂ ਦੇ ਬਦਲੇ ਦੇਖ ਸਕਦੇ ਹੋ, ਅੱਜ ਕਲ ਨਾਵਾਂ 'ਚ ਤੁਸੀਂ ਮੌਤ ਦੇ ਸਿਰਨਾਵੇਂ ਪੜ੍ਹ ਸਕਦੇ ਹੋ, ਅੱਜ ਕਲ ਸਾਡੀ ਹੋਂਦ ਨੂੰ ਤੁਸੀਂ ਪੈਰ ਵਿੰਨ੍ਹੀ ਵੇਖ ਸਕਦੇ ਹੋ। — ਪਾਸ਼ : 'ਸਾਡੇ ਸਮਿਆਂ ਵਿਚ'

ਆਰੰਭ ਵਿਚ ਨਵੀਨ ਪ੍ਰਗਤੀਵਾਦੀ ਕਵਿਤਾ ਨੂੰ ਜੁਝਾਰਵਾਦੀ 'ਕਹਿ ਕੇ ਪੁਰਾਣੀ ਪ੍ਰਗਤੀਵਾਦੀ ਕਵਿਤਾ ਨਾਲੋਂ ਅਲਗ ਸਮਝਿਆ ਜਾਂਦਾ ਰਿਹਾ। ਖੱਬੇ ਪੱਖੀ ਰਾਜਨੀਤੀ ਦਾ ਨਕਸਲਬਾੜੀ ਅੰਦੋਲਨ ਇਕ ਮੁਖ ਪੜਾਅ ਹੈ ਉਸੇ ਤਰ੍ਹਾਂ ਜੁਝਾਰਵਾਦੀ ਕਵਿਤਾ ਪ੍ਰਗਤੀਵਾਦੀ ਕਾਵਿ-ਪ੍ਰਵਿਰਤੀ ਦਾ ਹੀ ਵਿਕਾਸ ਹੈ ਤੇ ਇਹ ਵਿਕਾਸ ਰੁਕਿਆ ਨਹੀਂ ਸਗੋਂ ਪੰਜਾਬ ਦੇ ਨਵੇਂ ਸੰਕਟਾਂ ਦੇ ਅਨੁਭਵ ਨਾਲ ਇਸ ਵਿਚ ਅੱਠ-ਨੌਂ ਸਾਲਾਂ ਵਿਚ ਹੋਰ ਨਵੇਂ ਪਰਿਵਰਤਨ ਆਏ ਹਨ। ਪਾਸ਼ ਨੇ ਆਪਣੀ ਪੁਸਤਕ 'ਸਾਡੇ ਸਮਿਆਂ ਵਿਚ' ਦੀ ਭੂਮਿਕਾ ਵਿਚ ਇਸ ਨਵੀਂ ਤਬਦੀਲੀ ਦਾ ਐਲਾਨ ਇਉਂ ਸੀ :

> "ਪਿਛਲੀਆਂ ਦੋਹਾਂ ਕਿਤਾਬਾਂ ਵਿਚ ਮੇਰੀਆਂ ਲਗਭਗ ਸਾਰੀਆਂ ਕਵਿਤਾਵਾਂ ਲੋਹੇ ਦੀਆਂ ਜ਼ੰਜੀਰਾਂ ਪ੍ਰਤੀ ਮਨੁੱਖ ਦੀ ਅਨੁਭਵਸ਼ੀਲਤਾ ਸੀ। ਐਤਕੀ ਇਸ ਕਿਤਾਬ ਵਿਚ ਇਹ ਮੇਰੇ ਸਾਰੇ ਅਹਿਸਾਸ ਉਨ੍ਹਾਂ ਅਦਿੱਖ ਜ਼ੰਜੀਰਾਂ ਨਾਲ ਸਿੱਝਣ ਜਾਂ ਖਿਝਣ ਦਾ ਇਤਿਹਾਸ ਹਨ ਜੋ ਲੋਹੇ ਦੀਆਂ ਨਹੀਂ ਪਰ ਲੋਹਾ ਉਨ੍ਹਾਂ ਦਾ ਹੈ।"

ਇਹ ਉਨ੍ਹਾਂ ਕਿਰਤੀ ਵਰਗਾਂ ਦੀ ਸੂਚੇਤਨਤਾ ਤੇ ਸ਼ਕਤੀ ਦੀ ਕਵਿਤਾ ਹੈ ਰਾਜਸੀ ਸੱਤਾ ਦੀ ਵਿਸਥਾਪਤੀ ਤੇ ਸਮਾਜਿਕ ਇੰਨਕਲਾਬ ਲਈ ਜੂਝ ਰਹੀਆਂ ਹਨ। ਵਰਗ-ਸੰਘਰਸ਼ ਦੀ ਵਸਤੂ ਤੋਂ ਸੱਖਣੀ ਨਾਹਰਾ-ਸ਼ੈਲੀ ਕਵਿਤਾ ਦਾ ਦੋਸ਼ ਹੈ, ਜਿਸ ਤੋਂ ਪ੍ਰਗਤੀ-ਵਾਦੀ ਕਵੀ ਆਪ ਵੀ ਸੁਚੇਤ ਹੈ

> "ਆਓ ਠੰਢੇ ਦਿਲ ਨਾਲ ਸਾਰੇ ਬੈਠ ਸੋਚੀਏ,
> ਕਿੰਨੀ ਦੇਰ ਤੱਕ ਮਾਰੂ ਤਿੱਖੇ ਨਾਹਰਿਆਂ ਦੀ ਗਲ" —-ਹਰਭਜਨ ਸਿੰਘ ਹੁੰਦਲ
> ਪਰ ਜਦੋਂ ਸੁਰਜੀਤ ਪਾਤਰ ਕਹਿੰਦਾ ਹੈ
> ਲੱਗੀ ਨਜ਼ਰ ਪੰਜਾਬ ਨੂੰ ਇਸਦੀ ਨਜ਼ਰ ਉਤਾਰੋ
> ਲੈ ਕੇ ਮਿਰਚਾਂ ਕੌੜੀਆਂ ਇਹਦੇ ਸਿਰ ਤੋਂ ਵਾਰੋ — ਸੁਰਜੀਤ ਪਾਤਰ

ਤਾਂ ਉਹ ਇਕ ਨਾਹਰਾ ਹੀ ਮਾਰ ਰਿਹਾ ਹੈ, ਪਰ ਇਹ ਨਾਹਰਾ ਵੀ ਕਵਿਤਾ ਹੈ ਕਿਉਂਕਿ ਦੱਬੇ ਕੁਚਲੇ ਮਨਾਂ ਦੀ ਪੀੜ ਨੂੰ ਸਾਕਾਰ ਕਰਦਾ ਹੈ। ਜੁਝਾਰਵਾਦ ਨੇ ਇਉਂ ਨਾ ਕੇਵਲ ਪ੍ਰਯੋਗਵਾਦ ਨੂੰ ਹੀ ਖਦੇੜਿਆ ਸਗੋਂ ਪ੍ਰਗਤੀਵਾਦ ਨੂੰ ਵੀ ਨਵੇਂ ਪਾਸਾਰ ਪ੍ਰਦਾਨ ਕੀਤੇ। ਮੱਧ ਵਰਗ ਅਤੇ ਕਿਰਤੀ ਦੋਹਾਂ ਸ਼੍ਰੇਣੀਆਂ ਦੇ ਰਚਨਕਾਰ ਇਸ ਵਿਚ ਸ਼ਾਮਲ ਹੋਏ। ਨਾਲ ਹੀ ਇਹ ਕਵੀ ਵਾਸਤਵਿਕ ਜੀਵਨ ਨਾਲ, ਜੀਵਨ ਦੀਆਂ ਸਮੱਸਿਆਵਾਂ ਨਾਲ ਵਧੇਰੇ ਚੰਗੀ ਤਰ੍ਹਾਂ ਪਰਿਚਿਤ ਸਨ। ਜੁਝਾਰ ਧਾਰਾ ਦੇ ਇਹਨਾਂ ਸਿਰਜਕਾਂ ਦੁਆਰਾ ਜਿਥੇ ਇਕ ਪਾਸੇ ਪ੍ਰਗਤੀਵਾਦ ਦੀ ਸ਼ੇਣਿਕ ਸੁਰ ਤਿੱਖੀ ਹੋਈ ਦੂਜੇ ਪਾਸੇ ਯਥਾਰਥ ਉਪਰ ਉਸਦੀ ਪਕੜ ਵੀ ਬਣੀ। ਲੋਕਾਂ ਨਾਲ ਜੁੜਨ ਦੀ ਅਕਾਂਖਿਆ ਵਿਚੋਂ ਇਸ ਧਾਰਾ ਦੀ ਰਚਨਾ ਨੇ ਨਵੇਂ ਰੂਪਾਂ ਨੂੰ ਪੇਸ਼ ਕੀਤਾ, ਅਤੇ ਲੋਕ ਸਾਹਿਤ ਤੇ ਲੋਕ-ਕਲਾ ਦੀ ਪਰੰਪਰਾ ਦਾ ਵਧੇਰੇ ਕੁਸ਼ਲਤਾ ਨਾਲ ਪ੍ਰਯੋਗ ਕੀਤਾ। ਬੇਗਾਨਗੀ, ਪਰਾਇਆਪਣ, ਅਜਨਬੀਅਤ, ਸੰਪ੍ਰਦਾਏ, ਇੱਕ ਨਵੇਂ ਯਥਾਰਥ ਵਿਚ ਉਭਰਦਾ ਹੈ ਹੁਣ ਪੁਰਾਤਨ ਕਾਵਿ ਵਿਚ ਇਹ ਵਿਸ਼ਾ ਆਤਮ ਤੇ ਪਰਮਾਤਮ ਦੇ ਵਿਯੋਗ ਦਾ ਰੂਪ ਧਾਰਦਾ ਸੀ ਹੁਣ ਇਹ ਵਿਸ਼ਾ ਸੰਯੋਗ-ਵਿਯੋਗ ਦੇ ਦੁਖਾਂਤ ਦੇ ਤੌਰ ਤੇ ਜ਼ਾਹਿਰ ਹੁੰਦਾ ਹੈ। ਜਿਸ ਵਿਚ 'ਸਿੱਖ ਸੰਪ੍ਰਦਾਏ ਦੀ ਅੱਜ ਦੀ ਮਨੋਦਸ਼ਾ, ਮਨੋਵੇਦਨਾ ਅਭਿਵਿਕਤ ਹੁੰਦੀ ਹੈ; ਵਾਪਰ ਰਹੇ ਦੁਖਾਂਤ ਦਾ ਅਨੁਭਵ ਤੇ ਸੰਕਟ ਸਥਿਤੀ ਦਾ ਅਹਿਸਾਸ ਆਪਣੀ ਸਮੁੱਚਤਾ ਵਿਚ ਝਲਕਦਾ ਹੈ ਜਿਵੇਂ ਕਿ ਸੁਰਜੀਤ ਪਾਤਰ ਦੀ ਇਹ ਕਵਿਤਾ ਦੇਖੀ ਜਾ ਸਕਦੀ ਹੈ :

> "ਸੂਕ ਰਹੇ ਜੰਗਲ ਨੂੰ ਕੀਕਣ ਚੁੱਪ ਕਰਾਵਾਂ ਮੈਂ
> ਕੱਲੇ ਕੱਲੇ ਰੁੱਖ ਨੂੰ ਜਾ ਕੇ ਕੀ ਸਮਝਾਵਾਂ ਮੈਂ
> ਉਹ ਜੰਗਲ ਜੋ ਖੁਸ਼ਬੋਆਂ ਦਾ ਢੋਆ ਵੰਡਦਾ ਸੀ
> ਉਹ ਜੰਗਲ ਜੋ ਫੁੱਲਾਂ ਦੇ ਸੰਗ ਹਰ ਰੁੱਤ ਰੰਗਦਾ ਸੀ
> ਉਹ ਜੰਗਲ ਜੋ ਸਿਰ ਤੇ ਕੰਪਨ ਵਰਗੀ ਕਲਗੀ ਟੰਗਦਾ ਸੀ
> ਮੰਗਦਾ ਸੀ ਤਾਂ ਕੇਵਲ ਆਪਣਾ ਪਾਣੀ ਮੰਗਦਾ ਸੀ
> ਅੱਗ ਦੀ ਵਾਛੜ ਨੂੰ ਦਸ ਪਾਣੀ ਕਿੰਝ ਬਣਾਵਾਂ ਮੈਂ"
> "ਜਦ ਜੰਗਲ ਨੇ ਸ਼ਹਿਰ ਤੇਰੇ ਦੀਆਂ ਜੇਲ੍ਹਾਂ ਭਰੀਆਂ ਸਨ
> ਤਦ ਜੰਗਲ ਤੇ ਮਹਿਲ ਤੇਰੇ ਦੀਆਂ ਕੰਧਾਂ ਡਰੀਆਂ ਸਨ
> ਤੂੰ ਜੰਗਲ ਨੂੰ ਕੋਲ ਬਿਠਾ ਫਿਰ ਗੱਲਾਂ ਕਰੀਆਂ ਸਨ
> ਕੌਣ ਸੀ ਜਿਸ ਦੀਆਂ ਗੱਲਾਂ ਕਸਵਟੀ ਤੋਂ ਡਰੀਆਂ ਸਨ
> ਜੇ ਕਸਵਟੀਉਂ, ਡਰੀਆਂ, ਖੁਰੀਆਂ ਕਿਉਂ ਮੰਨ ਜਾਵਾਂ ਮੈਂ।
> ਤੇਰੀ ਚੁੱਪ ਨੇ ਜੰਗਲ ਨੂੰ ਉਹ ਤਲਖ ਫਿਜ਼ਾ ਦਿੱਤੀ
> ਜੰਗਲ ਵਿਚੋਂ ਕੰਡਿਆਂ ਦੀ ਇਕ ਝਿੜੀ ਉਗਾ ਦਿੱਤੀ
> ਕੰਡੇ-ਕੰਡੇ ਕਹਿ ਕੇ ਤੂੰ ਫਿਰ ਰੌਲੀ ਪਾ ਦਿੱਤੀ
> ਕੁਝ ਕੰਡਿਆਂ ਵਿਚ ਕੁਝ ਜੰਗਲ ਦੀ ਗੱਲ ਉਲਝਾ ਦਿੱਤੀ

ਤੂੰ ਜੇ ਖ਼ੁਦ ਉਲਝਾਉਣੀ ਚਾਹਵੇਂ, ਕਿੰਝ ਸੁਲਝਾਵਾਂ ਮੈਂ " - ਸੁਰਜੀਤ ਪਾਤਰ

ਨਕਸਲਵਾਦੀ ਪੰਜਾਬੀ ਕਵਿਤਾ ਵਿਚ ਸਥਾਪਤੀ ਅਤੇ ਵਿਸਥਾਪਤੀ ਦੀ ਅਸਵੀਕ੍ਰਿਤੀ ਤੋਂ ਉਪਜਿਆ ਵਿਦਰੋਹ ਹੀ ਉਸ ਕਾਲ ਦਾ ਆਧੁਨਿਕ ਕਾਵਿ ਬੋਧ ਹੈ। ਜੋ ਸਾਨੂੰ ਚੇਤੰਨ ਰੂਪ ਵਿਚ ਸੋਚਣ ਲਈ ਮਜ਼ਬੂਰ ਵੀ ਕਰਦਾ ਹੈ। ਸਤਵੇਂ ਦਸ਼ਕ ਦੀ ਨਕਸਲੀ ਪੰਜਾਬੀ ਕਵਿਤਾ ਪੁਰਾਣੇ ਰੁਮਾਂਟਿਕ ਮਿਥ ਨੂੰ ਭੰਗ ਕਰਦੀ ਹੈ ਤੇ ਨਵੇਂ ਮਿੱਥ ਸਿਰਜਣਾ ਵਿਚ ਆਪਣੀ ਭੂਮਿਕਾ ਵੀ ਨਿਭਾਉਂਦੀ ਹੈ। ਇਸ ਕਵਿਤਾ ਦਾ ਸਮੁੱਚਾ ਸਰੂਪ ਸਾਮਰਾਜਵਾਦ, ਪੂੰਜੀਵਾਦ ਤੇ ਪਰੰਪਰਾਗਤ ਨੈਤਿਕਤਾ ਦਾ ਵਿਰੋਧੀ ਤਾਂ ਹੈ ਹੀ ਨਾਲ ਇਹ ਕਵਿਤਾ ਘ੍ਰਿਣਾ ਤੇ ਹਿੰਸਾ ਦਾ ਰੂਪ ਧਾਰਦੀ ਹੈ। ਇਸ ਤਰ੍ਹਾਂ ਇਹ ਕਵਿਤਾ ਆਪਣਾ ਨਵਾਂ ਵਿਦਰੋਹ ਮੁਹਾਵਰਾ ਸਿਰਜਦੀ ਹੈ। ਇਨ੍ਹਾਂ ਨੇ ਕ੍ਰਾਂਤੀ ਦੀ ਧਾਰਨਾ ਨੂੰ ਬਾਰੀਕੀ ਨਾਲ ਬਿਆਨ ਕੀਤਾ ਹੈ। ਨਕਸਲੀ ਕਵੀ ਹਰ ਲਲਕਾਰ ਵਿਰੁਧ ਆਪਣੀ ਆਵਾਜ਼ ਬੁਲੰਦ ਕਰਦਾ ਹੈ :

"ਫੇਰ ਦਮਾਮਾ ਯੁੱਧ ਦਾ ਵਜਿਆ
ਗੱਜੀਏ ਰਣ ਵਿਚ ਖੜ ਕੇ
ਹੱਕ ਅਤੇ ਇਨਸਾਫ਼ ਦੀ ਖ਼ਾਤਰ
ਹੱਥ ਭਗੌਤੀ ਫੜ ਕੇ।" — ਹਰਭਜਨ ਹਲਵਾਰਵੀ

"ਪਰ ਅਸਾਂ ਨੇ ਸਿਰ ਨਿਵਾ ਕੇ
ਗੰਦਗੀ ਵਿਚ ਰੀਂਗਦੀ ਜ਼ਿੰਦਗੀ ਨਹੀਂ ਮੰਗਣੀ
ਸਿਰ ਉਠਾ ਕੇ ਬਿਜਲੀਆਂ ਨੂੰ ਅੱਖ ਮਾਰਾਂਗੇ।" — ਦਰਸ਼ਨ ਖਟਕੜ

ਇਨ੍ਹਾਂ ਕਵਿਤਾਵਾਂ ਵਿਚ ਯਥਾਰਥ ਅਲਗ-ਅਲਗ ਰੂਪਾਂ ਵਿਚ ਪੇਸ਼ ਹੋਇਆ ਹੈ ਜਿਵੇਂ ਘਟਨਾਵਾਂ, ਪਾਤਰਾਂ, ਜ਼ਜਬਿਆਂ ਦੇ ਮਾਧਿਅਮਾਂ ਰਾਹੀਂ। ਯਥਾਰਥ ਆਪਣੀ ਵਿਰੋਧ-ਮਈ ਸਥਿਤੀ ਦੇ ਅੰਤਰਗਤ ਇਸ ਕਾਵਿ-ਧਾਰਾ ਵਿਚ ਵਿਕਾਸ ਕਰਦਾ ਹੈ। ਰਾਜਨੀਤਕ, ਆਰਥਿਕ, ਸਮਾਜਕ ਖੇਤਰਾਂ ਵਿਚ ਮੌਜੂਦ ਵਿਰੋਧਾਂ, ਸਥਿਤੀਆਂ ਨੂੰ ਇਨ੍ਹਾਂ ਕਵੀਆਂ ਨੇ ਆਪਣੀ ਕਾਵਿ-ਚੇਤਨਾ ਦਾ ਅੰਗ ਬਣਾਇਆ ਹੈ। ਜੋ ਇਸ ਵਿਚ ਪਾਰ ਦੀ ਨਿਰੰਤਰਤਾ ਦੀ ਕਾਵਿਕ ਅਭਿਵਿਅਕਤੀ ਦਾ ਸਾਧਨ ਬਣ ਜਾਂਦੀ ਹੈ। ਜੁਝਾਰ ਕਾਵਿ-ਧਾਰਾ ਦੇ ਯਥਾਰਥ ਦੇ ਅਜਿਹੇ ਸੁਭਾ ਜਿਸ ਵਿਚ ਆਰਥਿਕਤਾ ਦੇ ਨਵੇਂ ਬਣਦੇ ਬਿਗੜਦੇ ਰੂਪ, ਜਮਾਤ ਪ੍ਰਤੀ ਜਾਗਰੂਕਤਾ ਆਦਿ ਦੀਆਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ :

"ਤੁਸੀਂ ਬੌਖਲਾ ਕੇ
ਵਕਤ ਦੀ ਧੌਣ ਤੇ ਤਲਵਾਰ ਧਰਦੇ ਹੋ
ਇੰਜ ਆਪਣੇ ਭਾਣੇ
ਮੈਨੂੰ ਕਤਲ ਕਰਦੇ ਹੋ।
ਮੈਂ ਜਦ ਵੀ ਕਤਲ ਹੋਇਆ
ਮੇਰਾ ਕਦ ਹੋਰ ਵੀ ਵਧਿਆ ਹੈ। — ਵਰਿਆਮ ਸੰਧੂ

"ਅਸੀਂ ਪਰ ਮੀਲ ਪੱਥਰ ਵਾਂਗ ਗੱਡੇ ਰਹਿਣ ਵਿਚ
ਵਿਸ਼ਵਾਸ ਨਹੀਂ ਰੱਖਦੇ
ਅਸੀਂ ਇਕ ਸਫ਼ਰ ਬਣ ਕੇ ਜੀਣ ਵਿਚ
ਵਿਸ਼ਵਾਸ ਰੱਖਦੇ ਹਾਂ।" — ਜਗਤਾਰ

ਨਕਸਲਵਾਦੀ ਕਵੀ ਵਰਤਮਾਨ ਵਿਵਸਥਾ ਦੇ ਵਿਰੋਧ ਦੇ ਸੰਕਟ ਨੂੰ ਚੁਪਚਾਪ ਸਹਾਰਨ ਦੀ ਥਾਂ ਉਸ ਨੂੰ ਬਦਲ ਦੇਣ ਦਾ ਸੰਕਲਪ ਨਾਲ ਲੈ ਕੇ ਤੁਰਦਾ ਹੈ, ਇਹ ਸੰਘਰਸ਼ ਕਰ ਰਹੇ ਮਨੁੱਖ ਨੂੰ ਹੀਣਤਾ ਭਾਵ ਤੋਂ ਮੁਕਤ ਕਰਾਉਂਦੀ ਨਜ਼ਰ ਆਉਂਦੀ ਹੈ। ਅਮਨ ਦੀ ਭਾਵਨਾ ਤੋਂ ਉਪਜਿਆ ਇਹ ਹਿੰਸਾਤਕ ਅਨੁਭਵ ਪਹਿਲੀ ਵਾਰੀ ਕਾਵਿ-ਸੰਵੇਦਨਾ ਦਾ ਮੂਲ ਆਧਾਰ ਬਣਦਾ ਹੈ। ਮਨੁੱਖ ਦੇ ਇਕੱਲੇਪਣ ਦੇ ਬੋਧ ਨੂੰ ਇਨ੍ਹਾਂ ਕਵੀਆਂ ਨੇ ਕਾਇਰਤਾ ਦਾ ਪੋਸ਼ਕ ਕਿਹਾ ਹੈ ਤੇ ਮਨੁੱਖ ਨੂੰ ਆਸ਼ਾਵਾਦੀ ਬਣਾਇਆ ਹੈ।

"ਉੱਡ ਗਏ ਹਨ ਬਾਜ਼ ਚੁੰਝਾਂ 'ਚ ਲੈ ਕੇ
ਸਾਡੀ ਚੈਨ ਦਾ ਇਕ ਪਲ ਬਿਤਾ ਸਕਣ ਦੀ ਖ਼ਾਹਸ਼
ਦੋਸਤੋ ! ਹੁਣ ਚੱਲਿਆ ਜਾਵੇ
ਉਡਦਿਆਂ ਬਾਜ਼ਾਂ ਮਗਰ..." — ਪਾਸ਼ ਉਡਦੇ ਬਾਜ਼ਾਂ ਮਗਰ '

ਜੁਝਾਰ ਕਾਵਿ-ਧਾਰਾ ਦੀ ਮੌਲਿਕ ਪ੍ਰਾਪਤੀ ਇਹ ਹੈ ਕਿ ਇਸ ਵਿਚ ਜਿਸ ਰੋਹ, ਤਲਖ਼ੀ ਅਤੇ ਦਹਿਸ਼ਤ ਨਾਲ ਕਵਿਤਾ ਵਿਚ ਬੁਰਜੁਆ ਢਾਂਚੇ ਦੇ ਆਰਥਿਕ, ਰਾਜਨੀਤਕ, ਕਾਨੂੰਨੀ, ਵਿਦਿਅਕ, ਜਮਹੂਰੀ, ਧਾਰਮਿਕ ਵਿਸ਼ਵਾਸਾਂ ਤੇ ਸੰਕਲਪਾਂ ਉਪਰ ਕਰਾਰੀ ਚੋਟ ਕੀਤੀ ਗਈ ਜੋ ਕਿ ਕ੍ਰਾਂਤੀਕਾਰੀ ਸਿਰਜਨਾ ਦੀ ਲੋੜ ਹੁੰਦੀ ਹੈ। ਜਿਸ ਕਰਕੇ ਇਸਦੀ ਸ਼ੈਲੀ ਅਤੇ ਸ਼ਬਦਾਵਲੀ ਵੱਖਰੀ ਹੈ। ਨਕਸਲਵਾਦੀ ਕਵਿਤਾ ਵਿਚ ਦਵੰਦਾਤਮਕ ਸੰਬੰਧਾਂ ਦਾ ਨਵਾਂ ਰੂਪ ਪ੍ਰਗਟ ਹੁੰਦਾ ਹੈ। ਪੁਰਾਣੇ ਪਰੰਪਰਕ ਅਰਥਾਂ ਨੂੰ ਜਿਵੇਂ ਕਿ ਦੇਸ਼ ਪਿਆਰ, ਕੌਮੀਅਤ, ਅਮਨ, ਤਰਸ, ਨਫ਼ਰਤ, ਸਟੇਟ, ਪੁਲਿਸ, ਕਾਨੂੰਨ, ਕਵਿਤਾ, ਜ਼ਿੰਦਗੀ, ਵਿਅਕਤੀ ਆਦਿ ਨਵੇਂ ਅਰਥਾਂ ਵਿਚ ਗ੍ਰਹਿਣ ਕੀਤਾ ਤੇ ਪੁਰਾਣੇ ਅਰਥਾਂ ਨੂੰ ਅਸਵੀਕਾਰ ਕਰ ਦਿੱਤਾ ਹੈ। ਉਦਾਹਰਣ ਵਜੋਂ

"ਕਿੰਨਾ ਅਹਿਮ ਹੈ ਕਿੰਨਾ ਸੂਖਮ ਹੈ
ਨਿਜੀ ਸੁੰਤਤਰਤਾ ਦਾ ਸੰਕਲਪ
ਜਿਸਦੀ ਖੋਜ ਵਿਚ ਉਹ ਸਭ ਵਾਕਾਂ ਦੇ ਘੇਰੇ ਤੋੜ ਚੁੱਕੇ ਨੇ" — ਹਰਭਜਨ ਹਲਵਾਰਵੀ

"ਆਖਰੀ ਖਾਹਿਸ਼ ਤੁਹਾਨੂੰ ਦੱਸ ਕੇ, ਤਰਸ ਦਾ ਪਾਤਰ ਬਣਾਂ ? ..
ਜਿਸਮ ਦੀ ਰਾਖ ਖੇਤਾਂ 'ਚ ਧੂੜਨ ਦੀ ਨਿਗੂਣੀ ਇਛਿਆ
ਜਾਂ ਇਸ ਤਰ੍ਹਾਂ ਦੀ ਹੋਰ ਕੋਈ ਇਸ ਤੋਂ ਫ਼ਜ਼ੂਲ... — ਜਗਤਾਰ

ਨਕਸਲਵਾਦੀ ਕਵਿਤਾ ਵਿਚ ਯਥਾਰਥ ਦੀ ਪਕੜ ਵਿਚੋਂ ਇਕ ਨਵੇਂ ਕਿਸਮ ਦੇ ਕਾਵਿ-ਪੈਟਰਨ ਦਾ ਜਨਮ ਹੁੰਦਾ ਹੈ ਜਿਸਨੇ ਸੌਂਦਰਯ ਬੋਧ ਨੂੰ ਜਨਮ ਦਿੱਤਾ ਹੈ। ਇਸ ਖਰਵੀਂ ਸੋਚ ਨੇ ਇਸ ਕਵਿਤਾ ਵਿਚ ਖਰੁਵੀ ਭਾਸ਼ਾ (Crude Language) ਨੂੰ ਜਨਮ ਦਿੱਤਾ ਹੈ ਜੋ ਪਹਿਲੀਆਂ ਕਾਵਿ ਧਾਰਾਵਾਂ ਦੇ ਵਿਰੋਧ ਵਿਚ ਉਭਰਦਾ ਹੈ:

"ਸੁਰੰਗ ਵਰਗੀ ਜ਼ਿੰਦਗੀ ਵਿਚ ਤੁਰਦੇ ਹੋਏ
ਜਦ ਪਰਤ ਆਉਂਦੀ ਹੈ
ਆਪਣੀ ਆਵਾਜ਼ ਮੁੜ ਆਪਣੇ ਹੀ ਪਾਸ
ਤੇ ਅੱਖਾਂ 'ਚ ਰੜਕਦੇ ਰਹਿੰਦੇ
ਬੁੱਢੇ ਬਲਦ ਦੇ ਉਚੱੜੇ ਹੋਏ ਕੰਨਾਂ ਵਰਗੇ ਸੁਫਨੇ
ਕਿcਲਿਦਾ ਜਾਵੇ ਉਡਦਿਆਂ ਬਾਜ਼ਾਂ ਮਗਰ" — ਪਾਸ਼, ਉਡਦੇ ਬਾਜਾਂ ਮਗਰ'

ਨਵੇਂ ਭਾਵਾਂ, ਸੰਵੇਦਨਾਵਾਂ ਦੀ ਕਲਾਤਮਿਕ ਅਭਿਵਿਅਕਤੀ ਪ੍ਰਭਾਵ ਸਾਪੇਖ ਹੁੰਦੇ ਹੋਏ ਵੀ, ਵਿਚਾਰ-ਸੰਚਾਰ ਦੀ ਭਾਸ਼ਾ ਹੋਰ ਤਰ੍ਹਾਂ ਦੀ ਹੁੰਦੀ ਹੈ

"ਹੱਕ ਦਾ ਨਾਰਾ ਜਦੋਂ ਵੀ ਬਣਕੇ ਉਠਿਆ
ਹੱਥ ਇਹ ਵਿੰਨ੍ਹਿਆ ਗਿਆ ਗੋਲ਼ੀ ਦੇ ਨਾਲ
ਤੇ ਸੰਗੀਨਾਂ ਖੇਤ ਦੁਆਲੇ ਵਾੜ ਬਣੀਆਂ
ਕਿਰਤ ਲੂਟੀ ਗਈ, ਸਰੇ ਬਾਜ਼ਾਰ ਨੰਗੀ ਹੋਈ ਅਸਮਤ
ਜੇਲ੍ਹ ਦੇ ਨ੍ਹੇਰੇ 'ਚ ਬੈਠਾ ਹੱਥ ਸੀਖਾਂ ਫੜ ਕੇ ਰੋਇਆ।" — ਸੁਖਬੀਰ

ਪਰ ਕਦੇ-ਕਦੇ ਅਜੋਕੀ ਕਾਵਿ-ਭਾਸ਼ਾ ਜੋ ਕਿ ਉਤੇਜਕ ਮੁਖ ਵੀ ਹੈ ਇਸ ਕਦਰ ਵੱਧ ਜਾਂਦੀ ਹੈ ਕਿ ਕਵਿਤਾ ਗੁਰੀਲਾ ਭਾਵ ਬੋਧ ਅਭਿਵਿਅਕਤ ਕਰਦੀ ਹੈ

'ਇੰਚ ਇੰਚ ਮਿੱਟੀ ਕੁਚਲ ਦਿਆਂਗੇ
ਜੰਗਲਾਂ 'ਚੋਂ ਚਲਾ ਦਿਆਂਗੇ ਐਟਮ ਬੰਬ
ਬਦਲਾ ਲਵਾਂਗੇ..."— ਲੋਕ ਨਾਥ
"ਉਹ ਆ ਗਿਆ ਹੈ
ਉਹ ਆਏਗਾ
ਉਸਦੇ ਹੱਥ ਬੰਦੂਕ ਹੋਵੇਗੀ

ਜਿਸਨੂੰ ਉਹ ਮਧੁਰ ਰਾਗਣੀਆਂ ਦਾ ਸਾਜ਼ ਕਹਿੰਦਾ ਹੈ।" — ਅਮਰਜੀਤ ਚੰਦਨ, ਕੌਣ ਨਹੀਂ ਚਾਹੇਗਾ

ਇਸ ਤਰ੍ਹਾਂ ਇਨ੍ਹਾਂ ਕਵੀਆਂ ਦੀ ਵਿਚਾਰਧਾਰਾ ਮੁੱਖ ਰੂਪ ਵਿਚ ਵਿਗੜ ਚੁੱਕੀ ਸਾਮੰਤਵਾਦੀ ਤੇ ਪੂੰਜੀਵਾਦੀ ਪੌਂਡੂ ਆਰਥਿਕਤਾ, ਸਾਮੰਤਵਾਦੀ ਮਾਨਸਿਕ ਸੰਰਚਨਾਵਾਂ ਅਤੇ ਮਾਰਕਸਵਾਦੀ ਇਨਕਲਾਬੀ ਵਿਚਾਰਧਾਰਾ ਦੇ ਤਿਕੋਣ ਨੂੰ ਪੇਸ਼ ਕਰਦੀ ਹੈ। ਕਿਉਂਕਿ ਇਨ੍ਹਾਂ ਕਵੀਆਂ ਦਾ ਪ੍ਰਮੁੱਖ ਅੰਗ ਪੌਂਡੂ ਮੱਧਸ਼ੇਣੀ ਦੀ ਅਭਿਵਿਰਤੀ ਸੀ, ਪਰ ਉਸ ਵਿਚਾਰਧਾਰਾ ਦਾ ਇਹ ਆਪਣੇ ਅਨੁਸਾਰ ਸਹੀ ਰੂਪਾਂਤਰਣ ਨਹੀਂ ਕਰ ਸਕੇ। ਜਿਸ ਕਰਕੇ ਉਹ ਕਿਰਤੀ ਸ਼੍ਰੇਣੀ ਨਾਲ ਇਕਸੁਰ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਸਾਧਾਰਣ ਲੋਕਾਂ ਤੋਂ ਉਪਰ, ਵਿਲਖੱਣ ਕਰਨ ਵਾਲੇ ਪੈਗੰਬਰਾਂ ਵਜੋ ਪੇਸ਼ ਕਰਨ ਦੀ ਫ਼ੀਊਡਲ ਭਾਵਨਾ ਤੋਂ ਉਪਰ ਨਹੀਂ ਉਠ ਸਕੇ ਜੋ ਹੇਠ ਲਿਖੇ ਉਦਾਹਰਣਾਂ ਤੋਂ ਸਪਸ਼ਟ ਹੈ:

'ਜਿੰਨੀ ਦੇਰ ਇੰਤਜ਼ਾਰ ਕਰਨਾ ਹੈ
ਉਸ ਤੋਂ ਤਾਂ ਕਿਤੇ ਪਹਿਲਾਂ, ਮੈਂ ਖ਼ੁਦ ਅਵਤਾਰ ਧਾਰਨਾ ਹੈ।" — ਸੰਤ ਸਿੰਘ
ਅਸੀਂ ਤਾ ਜੰਮਣਾ ਨਹੀਂ ਸੀ
ਅਸੀਂ ਲੜਨਾ ਨਹੀਂ ਸੀ
ਅਸੀਂ ਤਾ ਬਹਿ ਕੇ ਹੇਮਕੁੰਟ ਉਤੇ
ਭਗਤੀ ਕਰਨੀ ਸੀ...
ਤਾਂ ਮੈਂ ਕਹਿ ਉੱਠਿਆ...
ਹੇਠਾਂ ਧਰਤੀ ਤੇ ਚਲੀਏ ਪਾਪਾਂ ਦਾ ਭਾਰ ਵੱਧਦਾ ਜਾਂਦਾ ਹੈ।" - ਪਾਸ਼

ਨਤੀਜੇ ਵਜੋਂ, ਅਜਿਹੀਆਂ ਰਚਨਾਵਾਂ ਦਾ ਸਮੁੱਚਾ ਵਾਤਾਵਰਣ ਕਿਸੇ ਕ੍ਰਾਂਤੀਕਾਰੀ ਅਨੁਭਵ ਦੇ ਕਾਵਿਕ ਪ੍ਰਗਟਾਵੇ ਦੀ ਥਾਂ ਭਾਸ਼ਾਗਤ ਵਿਸਤਾਰ ਤਕ ਹੀ ਸੀਮਿਤ ਰਹਿ ਜਾਂਦਾ ਹੈ, ਜਿਸਨੂੰ ਆਮ ਤੌਰ ਤੇ ਇਸ ਕਵਿਤਾ ਵਿਚ ਅਤਿ ਅਧਿਕ ਨਾਅਰੇਬਾਜ਼ੀ ਤੇ ਦੋਸ਼ ਵਜੋਂ ਜਾਣਿਆ ਜਾਂਦਾ ਹੈ।"[8] ਉਦਾਹਰਣ ਵਜੋਂ,

"ਮੌਸਮ ਦੀ ਅੱਖ ਹੰਝੂ-ਹੰਝੂ
ਪੌਣਾਂ ਦੇ ਸਾਹ ਹਉਕਾ ਹਉਕਾ
ਫੇਰ ਝਨਾਂ ਵਿਚ ਕਹਿਰੀ ਛੱਲਾਂ
ਮੇਰੇ ਆਪਣੇ ਬਾਝੋਂ ਕੌਣ ਤਰੇਗਾ।" — ਹਰਭਜਨ ਹਲਵਾਰਵੀਂ

ਯਥਾਰਥ ਪ੍ਰਤੀ ਇਸ ਤਰ੍ਹਾਂ ਦੇ ਵਿਚਾਰਾਂ ਨੇ ਇਨ੍ਹਾਂ ਕਵੀਆਂ ਦੀ ਪਹੁੰਚ ਨੂੰ ਇਕ ਦਿਸ਼ਾਵੀ ਬਣਾ ਦਿੱਤਾ ਹੈ ਇਸੇ ਕਰਕੇ ਇਸ ਕਾਵਿ-ਧਾਰਾ ਵਿਚ ਯਥਾਰਥ ਦਾ ਅਤਿ ਰਾਜਸੀਕਰਣ ਕੀਤਾ ਗਿਆ ਤੇ ਰਾਜਨੀਤੀ ਨੂੰ ਹੀ ਇਸਦਾ ਇਕੋ ਇਕ ਰੂਪ ਵੀ ਕਾਰਰ ਕਰ ਲਿਤਾ ਗਿਆ। ਤੇ ਇਹ ਕਵਿਤਾਵਾਂ ਸੂਚਨਾ ਦੀ ਪੱਧਰ ਤੋਂ ਵਧੇਰੇ ਉਪਰ ਨਾ ਉਠ ਸਕੀਆਂ ਜਿਸ ਕਰਕੇ ਇਸ ਵਿਚ ਯਥਾਰਥ, ਵਿਅਕਤੀ, ਜ਼ਜ਼ਬੇ, ਅਨੁਭਵ ਆਦਿ ਪ੍ਰਵਿਰਤੀਆਂ ਦਾ ਕੇਵਲ ਬਾਹਰੀ ਰੂਪ ਹੀ ਪ੍ਰਗਟ ਹੋ ਸਕਿਆ। ਇਹ ਕਵੀ ਯਥਾਰਥ ਦੇ ਪ੍ਰਮਾਣਿਕ ਅਨੁਭਵ ਨੂੰ ਪੇਸ਼ ਕਰਨ ਵਿਚ ਅਸਮਰਥ ਰਹੇ। ਯਥਾਰਥ ਪ੍ਰਤੀ ਇਸ ਇਕੋ ਦ੍ਰਿਸ਼ਟੀਕੋਣ ਨੂੰ ਅਪਣਾਉਣ ਤੇ ਉਸ ਦ੍ਰਿਸ਼ਟੀ ਉਪਰ ਕਲਪਨਾ ਦਾ ਭਾਰੂ ਹੋ ਜਾਣਾ

ਕੁਦਰਤੀ ਹੈ ਜੋ ਕਿ ਯਥਾਰਥ ਪ੍ਰਤੀ ਪਹੁੰਚ ਨੂੰ ਰੁਮਾਂਟਿਕ ਸੁਭਾ ਪ੍ਰਦਾਨ ਕਰਦਾ ਹੈ। ਜਿਸ ਕਰਕੇ ਇਹ ਕਾਵਿ-ਧਾਰਾ ਕਿਸੇ ਪ੍ਰਤਿਨਿਧ ਨਾਇਕ/ਪਾਤਰ ਦੀ ਸਿਰਜਨਾ ਕਰਨ ਵਿਚ ਸਮਰਥ ਨਾ ਹੋ ਸਕੀ ਅਰਥਾਤ ਇਸਦਾ ਕੇਵਲ ਰੂਪ ਹੀ ਇਤਿਹਾਸਕ ਰਹਿੰਦਾ ਹੈ ਇਹ ਇਤਿਹਾਸਕ ਦ੍ਰਿਸ਼ਟੀ (Historical vision) ਦਾ ਰੂਪ ਧਾਰਨ ਨਹੀਂ ਕਰ ਸਕੀ। ਕੇਵਲ ਰਾਜਨੀਤੀ ਨੂੰ ਹੀ ਆਪਣਾ ਇਕੋ ਇਕ ਨਿਸ਼ਾਨਾ ਬਣਾਉਣ ਦੇ ਉਦਾਹਰਣ ਇਸ ਧਾਰਾ ਦੀਆਂ ਕਵਿਤਾਵਾਂ ਵਿਚ ਆਮ ਮਿਲ ਜਾਂਦੇ ਹਨ

"ਰਾਜਿਆਂ ਦੇ ਭੱਤਿਆਂ ਤੋਂ ਲੈ ਕੇ ਬੈਂਕ ਕੌਮੀ ਕਰਣ ਤਕ
ਸਬਜ਼ਬਾਗ ਹੀ ਸਬਜ਼ਬਾਗ
ਰਾਸ਼ਟਰਪਤੀ ਦੀ ਵੋਟ ਤੋਂ ਲੈ ਕੇ ਅਦਾਲਤ ਵਿਚ ਪੇਸ਼ ਹੋਣ ਤਕ
ਸਭ ਫਰੇਬ ਹੈ ਲੋਕ ਦਿਖਾਵਾ ਹੈ।" — ਕਰਤਾਰ ਕੈਂਥ

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਜੁਝਾਰ ਕਾਵਿ-ਧਾਰਾ ਦਾ ਮੁਹਾਵਰਾ (Idiom) ਤੇ ਸਰਮਾਏਦਾਰੀ ਵਿਰੁਧ ਕ੍ਰਾਂਤੀ ਦੇ ਰੂਪ ਦਾ ਹੈ ਪਰ ਦੂਜੇ ਪਾਸੇ ਇਹ ਸਾਮੰਤਵਾਦੀ ਸੰਸਕਾਰਾਂ, ਰੂੜ੍ਹੀਆਂ, ਜ਼ਜਬਿਆਂ ਨਾਲ ਵੀ ਜੁੜੀ ਚੇਤਨਾ ਹੈ। ਜੋ ਇਸ ਕਾਵਿ-ਧਾਰਾ ਦੀ ਵਿਲਖਣਤਾ, ਪ੍ਰਾਪਤੀ ਜਾਂ ਇਸ ਦੀਆਂ ਕਮਜ਼ੋਰੀਆਂ ਦਾ ਆਧਾਰ ਵੀ ਹੈ। ਪਰ ਇਨ੍ਹਾਂ ਕਮੀਆਂ ਦੇ ਬਾਵਜੂਦ ਇਹ ਵਿਚਾਰਧਾਰਾ ਆਪਣਾ ਸੁੰਤਤਰ ਪਛਾਣ ਚਿੰਨ ਸਥਾਪਤ ਕਰਨ ਵਿਚ ਸਫਲ ਰਹੀ ਹੈ ਭਾਵੇਂ ਇਸਨੇ ਯਥਾਰਥ ਦੇ ਆਂਸ਼ਕ ਰੂਪ ਨੂੰ ਸਵੀਕਾਰ ਕਰਦਿਆਂ ਇਤਿਹਾਸਮੁਖਤਾ ਨੂੰ ਹੀ ਪ੍ਰਮੁੱਖਤਾ ਦਿੱਤੀ ਪਰ ਜਿਸ ਨਾਲ ਇਸਨੇ ਅਜਿਹੇ ਭਾਸ਼ਾਗਤ ਚਿੰਨ੍ਹਾਂ ਦਾ ਵਿਸਫੋਟ ਕੀਤਾ ਜੋ ਉਸਦੇ ਨਾਲ ਚਲ ਰਹੀਆਂ ਪ੍ਰਯੋਗਸ਼ੀਲ/ਆਧੁਨਿਕ ਤੇ ਪ੍ਰਗਤੀਵਾਦੀ ਕਾਵਿ ਧਾਰਾਵਾਂ ਤੋਂ ਆਪਣੀ ਨਵੀਂ ਦਿਸ਼ਾ ਗ੍ਰਹਿਣ ਕਰ ਸਕੀ।

ਹਵਾਲੇ ਤੇ ਟਿੱਪਣੀਆਂ

1. ਡਾ. ਸ. ਸ. ਦੁਸਾਂਝ, ਪ੍ਰਗਤੀਵਾਦੀ ਪੰਜਾਬੀ ਕਵਿਤਾ ਇਕ ਹੋਣ 1. (ਪ੍ਰਤੀ ਵਾਦੀ ਪੰਜਾਬੀ ਸਾਹਿਤ ਦੇ ਪੰਜਾਬ ( ) ਡਾ. ਪਰਮਿੰਦਰ ਸਿੰਘ, ਪੰਨਾ · 111
2. ਡਾ. ਕੇਸਰ ਸਿੰਘ 'ਕੇਸਰ, ਪ੍ਰਗਤੀਵਾਦੀ ਪੰਜਾਬੀ ਕਵਿਤਾ ਦੇ ਪੰਜਾਹ ਸਾਲ : ਪੁਨਰ-ਮੁਲਾਂਕਣ (ਇਸੇ ਨਾਂ ਦੀ ਪੁਸਤਕ (ਸੰ:) ਡਾ. ਪਰਮਿੰਦਰ ਸਿੰਘ) ਪੰਨਾ -86
3. ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਅਧਾਰ ( ) ਡਾ. ਕਰਮਜੀਤ ਸਿੰਘ ਪੰਨਾ -64.
4. ਡਾ. ਸੁਤਿੰਦਰ ਸਿੰਘ ਰੂਹ, ਪ੍ਰਤੀਵਾਦੀ ਪੰਜਾਬੀ ਕਵਿਤਾ ਦਾ ਇਤਿਹਾਸ ਪਰਿਪੇਖ, ਪ੍ਰਗਤੀਵਾਦੀ ਪੰਜਾਬੀ ਸਾਹਿਤ ਦੇ ਪੰਜਾ ਹ ਸਾਲ, (ਸੰ.) ਡਾ. ਪਰਮਿੰਦਰ ਸਿੰਘ
5. ਅਮਰਜੀਤ ਚੰਦਨ, ਪਾਸ਼ ਦੀ ਕਵਿਤਾ (ਖਿਲਰੇ ਹੋਏ ਵਰਕੇ) ਪੰਨਾ -15
6. ਡਾ . ਤਿਰਲੋਕ ਸਿੰਘ ਕੰਵਰ, 1961 ਤੋਂ 1985 ਤੱਕ ਦੀ ਪੰਜਾਬੀ ਕਵਿਤਾ : ਇਕ ਵਿਵੇਚਨ, ਆਲੋਚਕਾ (1989-90) (ਸੰ) ਡਾ. ਗੁਰਚਹਨ ਸਿੰਘ, ਪੰਨਾ - 111
7. ਰਵਿੰਦਰ ਸਿੰਘ ਰਵੀ, ਜੁਝਾਰ ਕਾਵਿਧਾਰਾ : ਇਕ ਪੁਨਰ ਮੁੱਲਾਂਕਣ, ਵਿਰਸਾ ਤੇ ਵਰਤਮਾਨ, ਪੰਨਾ- 119-120
8. ਰਵਿੰਦਰ ਸਿੰਘ ਰਵੀ, ਜੁਝਾਰ ਕਾਵਿ ਧਾਰਾ : ਇਕ ਪੁਨਰ ਮੁਲਾਂਕਣ, ਵਿਰਸਾ ਤੇ ਵਰਤਮਾਨ, ਪੰਨਾ - 125